# ਵਾਹ ਵਾਹ ਤੇਰੇ ਰੰਗ ਭੋਲਿਯਾ

ਵਾਹ ਵਾਹ ਤੇਰੇ ਰੰਗ ਭੋਲਿਆ/ਸ਼ੰਕਰਾ,
ਵਾਹ ਵਾਹ ਤੇਰੇ ਰੰਗ ॥
*ਹੋ ਵਾਹ ਵਾਹ ਤੇਰੇ ਰੰਗ ਭੋਲਿਆ/ਸ਼ੰਕਰਾ,
ਵਾਹ ਵਾਹ ਤੇਰੇ ਰੰਗ ॥*
ਵਾਹ ਵਾਹ ਤੇਰੇ ਰੰਗ ਭੋਲਿਆ/ਸ਼ੰਕਰਾ,
ਵਾਹ ਵਾਹ ਤੇਰੇ ਰੰਗ ॥

ਮੇਰੇ ਸ਼ੰਕਰ/ਭੋਲੇ, ਦੀ ਨਗਰੀ ਚੋਂ ॥*
ਕਿਓਂ ਮੰਗਦਾ ਏ ਭੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,
ਵਾਹ ਵਾਹ ਤੇਰੇ ਰੰਗ ਭੋਲਿਆ,
ਵਾਹ ਵਾਹ ਤੇਰੇ ਰੰਗ ।
*ਹੋ ਵਾਹ ਵਾਹ ਤੇਰੇ ਰੰਗ ਸ਼ੰਕਰਾ,
ਵਾਹ ਵਾਹ ਤੇਰੇ ਰੰਗ,,,
ਵਾਹ ਵਾਹ ਤੇਰੇ ਰੰਗ ਭੋਲਿਆ/ਸ਼ੰਕਰਾ,
ਵਾਹ ਵਾਹ ਤੇਰੇ ਰੰਗ ॥

ਕਿਸੇ ਨੂੰ ਦੇਵੇਂ ਦੋ ਦੋ ਕਾਰਾਂ ॥*
ਕੋਈ ਸਾਇਕਲੋ ਤੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਕਿਸੇ ਨੂੰ ਦੇਵੇਂ ਲੱਡੂ ਪੇੜੇ ॥*
ਆਪ ਤੂੰ ਪੀਵੇਂ ਭੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਦੁਨੀਆਂ ਕੋਲੋਂ ਕੁਝ ਨਹੀਂ ਮੰਗਣਾ ॥*
ਬਸ ਭੋਲੇ ਕੋਲੋਂ ਮੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਕਿਸੇ ਨੂੰ ਦੇਵੇ ਦੋ ਦੋ ਮਿੱਲ੍ਹਾਂ ॥*
ਆਪ ਤੂੰ ਰਹਿੰਦਾ ਏ ਨੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਕਿਸੇ ਨੂੰ ਦੇਵੇਂ ਸੋਨੇ ਦੀ ਲੰਕਾ ॥*
ਕੋਈ ਰਹਿਣ ਤੋਂ ਤੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਕਿਸੇ ਨੂੰ ਦੇਵੇਂ ਢੋਲਕ ਛੈਣੇ ॥*
ਬੱਸ ਡੰਮਰੂ ਤੇਰੇ ਸੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਕਿਸੇ ਨੂੰ ਦੇਵੇਂ ਮਹਿਲ ਮੁਨਾਰੇ ॥*

ਕੋਈ ਝੌਂਪੜੀਓ ਤੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਕਿਸੇ ਨੂੰ ਦੇਵੇਂ ਦੋ ਦੋ ਪੁੱਤਰ ॥*
ਧੀ ਰਿਹਾ ਕੋਈ ਮੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਜੇ ਤੈਨੂੰ ਹੁਣ ਨੱਚਣਾ ਨਹੀਂ ਆਉਂਦਾ ॥*
ਨੱਚਣ ਦਾ ਸਿੱਖ ਲੈ ਢੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਉਸਨੂੰ ਹੁਣ ਡਰ ਕਾਹਦਾ ਭੋਲਿਆ ॥*
ਜਿਸਦੇ ਤੂੰ ਹੈ ਸੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਜੇਹੜੇ ਨਾਮ ਕਦੀ ਨਹੀਂ ਜਪਦੇ ॥*
ਓਹੀਓ ਰਹਿੰਦੇ ਤੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਦੁਨੀਆਂ ਨੂੰ ਦੇਵੇਂ ਨਾਮ ਦਾ ਅੰਮ੍ਰਿਤ ॥*
ਆਪ ਤੂੰ ਪੀਵੇਂ ਭੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਭਵ ਸਾਗਰ ਤੋਂ ਪਾਰ ਜੇ ਲੰਘਣਾ ॥*
ਚੜ੍ਹਾ ਦੇ ਨਾਮ ਦਾ ਰੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,

ਭਗਤ ਤੇਰੀਆਂ ਭੇਟਾਂ ਗਾਵੇ ।
ਸਭ ਸੰਗਤਾਂ ਨੂੰ ਨਾਲ ਨਚਾਵੇ ॥*
ਹੋ ਕੇ ਮਸਤ ਮਲੰਗ ਭੋਲਿਆ,
ਵਾਹ ਵਾਹ ਤੇਰੇ ਰੰਗ,,,
ਵਾਹ ਵਾਹ ਤੇਰੇ ਰੰਗ ਭੋਲਿਆ,
ਵਾਹ ਵਾਹ ਤੇਰੇ ਰੰਗ ।
*ਹੋ ਵਾਹ ਵਾਹ ਤੇਰੇ ਰੰਗ ਸ਼ੰਕਰਾ,
ਵਾਹ ਵਾਹ ਤੇਰੇ ਰੰਗ,,,
ਵਾਹ ਵਾਹ ਤੇਰੇ ਰੰਗ ਭੋਲਿਆ/ਸ਼ੰਕਰਾ,
ਵਾਹ ਵਾਹ ਤੇਰੇ ਰੰਗ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25299/title/waah-waah-tere-rang-bholeya

अपने Android मोबाइल पर BhajanGanga App डाउनलोड करें और भजनों का आनंद ले |